# ਪਾਠ - 1
## ਤਿਰੰਗਾ (ਲੇਖਕ-ਸ੍ਰੀ ਸ਼ਿਵ ਕੁਮਾਰ ਬਟਾਲਵੀ)



### 1. ਪ੍ਰਸ਼ਨ/ ਉੱਤਰ

**ਪ੍ਰਸ਼ਨ ੳ. ਤਿਰੰਗੇ ਝੰਡੇ ਦੇ ਤਿੰਨ ਰੰਗਾਂ ਦੇ ਨਾਂ ਦੱਸੋ।**
ਉੱਤਰ : ਕੇਸਰੀ, ਚਿੱਟਾ ਅਤੇ ਹਰਾ।
**ਪ੍ਰਸ਼ਨ ਅ. ਤਿਰੰਗੇ ਵਿੱਚ ਸ਼ਬਦ 'ਸਾਵਾ' ਤੋਂ ਕੀ ਭਾਵ ਹੈ?**
ਉੱਤਰ : ਤਿਰੰਗੇ ਵਿੱਚ ਸ਼ਬਦ 'ਸਾਵਾ' ਤੋਂ ਭਾਵ ਖ਼ੁਸ਼ਹਾਲੀ ਹੈ।
**ਪ੍ਰਸ਼ਨ ੲ. ਕੇਸਰੀ ਰੰਗ ਕਿਸ ਗੱਲ ਨੂੰ ਦਰਸਾਉਂਦਾ ਹੈ?**
ਉੱਤਰ : ਕੇਸਰੀ ਰੰਗ ਕੁਰਬਾਨੀ ਦਾ ਪ੍ਰਤੀਕ ਹੈ।
**ਪ੍ਰਸ਼ਨ ਸ. ਅਸ਼ੋਕ ਚੱਕਰ ਤੋਂ ਕੀ ਭਾਵ ਹੈ?**
ਉੱਤਰ : ਅਸ਼ੋਕ ਚੱਕਰ ਤੋਂ ਭਾਵ ਵਿਕਾਸ ਤੋਂ ਹੈ।

### 2. ਹੇਠ ਲਿਖੀਆਂ ਸਤਰਾਂ ਨੂੰ ਪੂਰਾ ਕਰੋ-

ਸਾਵਾ ਰੰਗ ਤੇਰਾ ਦੱਸੇ
**ਖੇਤੀਆਂ ਦੇ ਰੰਗ ਨੂੰ।**
ਪਹਿਨ ਬਾਣਾ ਕੇਸਰੀ
**ਸ਼ਹੀਦ ਜਾਣ ਜੰਗ ਨੂੰ।**
ਚਿੱਟਾ ਰੰਗ ਤੇਰਾ ਸਾਡਾ
**ਸ਼ਾਂਤੀ ਵਿਧਾਨ ਏ।**

### 3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਤਿਰੰਗਾ | : | ਤਿਰੰਗੇ ਤੋਂ ਭਾਵ ਭਾਰਤ ਦਾ ਰਾਸ਼ਟਰੀ ਝੰਡਾ |
| ਅਜ਼ਾਦੀ | : | ਖੁੱਲ੍ਹ, ਸੁਤੰਤਰਤਾ |
| ਅੰਬਰ | : | ਅਕਾਸ਼, ਅਸਮਾਨ, ਗਗਨ, ਅਰਸ਼ |
| ਨਿਰਾਲੀ | : | ਵੱਖਰੀ, ਵਿਲੱਖਣ |
| ਏਕਤਾ | : | ਏਕਾ, ਮੇਲ਼, ਇਕੱਠ |
| ਵਿਕਾਸ | : | ਵਾਧਾ, ਤਰੱਕੀ, ਉੱਨਤੀ |
| ਸਾਵਾ | : | ਹਰਾ, ਸਬਜ਼ |
| ਬਾਣਾ | : | ਲਿਬਾਸ, ਪਹਿਰਾਵਾ |

### 4. ਹੇਠ ਲਿਖੇ ਸ਼ਬਦਾਂ ਨੂੰ ਸਮਾਨਾਰਥੀ ਸ਼ਬਦਾਂ ਨਾਲ਼ ਮਿਲਾਓ-

| | | |
|---|---|---|
| ਅਜ਼ਾਦੀ | = | ਸੁਤੰਤਰਤਾ |
| ਅੰਬਰ | = | ਅਸਮਾਨ |
| ਬਾਣਾ | = | ਪਹਿਚਾਣ |
| ਵਿਕਾਸ | = | ਤਰੱਕੀ |
| ਨਿਰਾਲੀ | = | ਵੱਖਰੀ |